**International Research Journal of Natural and Applied Sciences**
**ISSN: (2349-4077)**
**Impact Factor 5.46 Volume 4, Issue 10, October 2017**
**Website**- www.aarf.asia, **Email**: editor@aarf.asia , editoraarf@gmail.com

# ਨੈਪੋਲੀਅਨ ਦੀ ਮਾਸਕੋ ਮਹਿੰਮ (Moscow Expedition of Napoleon)

**Mandeep Kaur, Village Mirpur, Tehsil Khamanon,**
**District Fatehgarh Sahib-141411, Punjab, India**

ਨੈਪੋਲੀਅਨ ਨੂੰ ਨਾ ਸਿਰਫ ਫਰਾਂਸ ਦੇ ਇਤਿਹਾਸ ਵਿਚ ਸਗੋਂ ਯੂਰਪ ਦੇ ਇਤਿਹਾਸ ਵਿਚ ਇਕ ਮਹਾਨ ਇਨਸਾਨ ਮੰਨਿਆ ਜਾਂਦਾ ਹੈ। ਸ਼ਾਇਦ ਹੀ ਕੋਈ ਇਨਸਾਨ ਹੋਵੇ ਜਿਸ ਨੇ ਇਤਿਹਾਸ ਵਿਚ ਸਮਕਾਲੀ ਲੇਖਕਾਂ ਤੋਂ ਇਨੀ ਪਰਸੰਸਾ ਅਤੇ ਘ੍ਰਿਣਾ ਪ੍ਰਾਪਤ ਕੀਤੀ ਹੋਵੇ। ਫ਼ਰਾਂਸੀਸੀ ਕ੍ਰਾਂਤੀ ਦੌਰਾਨ ਉਹ ਇਕ ਆਮ ਫ਼ੋਜੀ ਅਫ਼ਸਰ ਸੀ।ਉਸ ਨੇ ਕ੍ਰਾਂਤੀ ਦੇ ਵਿਚ ਵੱਧ ਚੜ ਕੇ ਹਿੱਸਾ ਲਿਆ। ਕ੍ਰਾਂਤੀ ਦੇ ਹਿੰਸਕ ਰੂਪ ਧਾਰਨ ਕਰ ਲੈਣ ਅਤੇ ਯੂਰਪੀ ਦੇਸ਼ਾਂ ਦੇ ਫਰਾਂਸ ਵਿਰੁੱਧ ਯੁਧਾਂ ਦੇ ਸਿੱਟੇ ਵਜੋਂ ਨੈਪੋਲੀਅਨ ਦੀ ਸ਼ਕਤੀ ਦਾ ਉਥਾਨ ਹੋਇਆ ।ਇਸ ਕਰਕੇ ਉਸ ਨੂੰ **ਕ੍ਰਾਂਤੀ ਦਾ ਪੁੱਤਰ** ਕਿਹਾ ਜਾਂਦਾ ਹੈ ।ਇਸ ਦੇ ਨਾਲ ਹੀ ਉਸ ਨੇ ਆਪਣੇ ਸ਼ਾਸਨ ਕਾਲ ਦੇ ਵਿਚ ਉਸ ਨੇ ਫਰਾਂਸ ਦੇ ਵਿਚ ਬਹੁਤ ਸਾਰੇ ਅੰਦਰੂਨੀ ਅਤੇ ਵਿਦੇਸ਼ੀ ਸੁਧਾਰ ਕੀਤੇ। ਉਸ ਨੇ ਨਾਲ ਹੀ ਮਹਾਦੀਪੀ ਵਿਵਸਥਾ ਲਾਗੂ ਕੀਤੀ।

ਨੈਪੋਲੀਅਨ ਦੀ ਮਹਾਦੀਪੀ ਵਿਵਸਥਾ ਨੇ ਰੂਸ ਤੇ ਫਰਾਂਸ ਦੇ ਵਿਚਕਾਰ ਦੁਸ਼ਮਣੀ ਵਾਲੇ ਸੰਬੰਧ ਪੈਦਾ ਕਰ ਦਿੱਤੇ , ਇਸ ਤੋਂ ਪਹਿਲਾਂ ਦੋਵੇਂ ਮਿੱਤਰ ਦੇਸ਼ ਸਨ |ਇਸ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਕਾਰਣ ਸਨ ਜਿਸ ਕਰ ਕੇ ਇਹ ਦੋਨੇ ਦੇਸ਼ ਇੱਕ ਦੂਜੇ ਦੇ ਵਿਰੋਧੀ ਬਣ ਗਏ | ਰੂਸ ਦੇ ਸਾਮੰਤ ਫਰਾਂਸ ਦੇ ਖ਼ਿਲਾਫ਼ ਸਨ ਕਿਉਂਕਿ ਫਰਾਂਸੀਸੀ ਕ੍ਰਾਂਤੀ ਦੇ ਸਮੇਂ ਸਾਮੰਤਾਂ ਦੇ ਵਿਸ਼ੇਸ਼ ਅਧਿਕਾਰ ਅਤੇ ਜਾਇਦਾਦ ਨੂੰ ਜ਼ਬਤ ਕਰ ਲਿਆ ਸੀ | ਮਹਾਦੀਪੀ ਵਿਵਸਥਾ ਦੇ ਅਨੁਸਾਰ ਨੈਪੋਲੀਅਨ ਨੇ ਇੰਗਲੈਂਡ ਦੇ ਮਾਲ ਦੇ ਨਿਰਜਾਤ ਉੱਤੇ ਪਾਬੰਦੀ ਲਗਾ ਦਿੱਤੀ ਸੀ , ਜਿਸ ਕਰਕੇ ਰੂਸ ਦੇ ਉੱਚ ਵਰਗ ਦੇ ਲੋਕਾਂ ਨੂੰ ਆਪਣੀ ਐਸ਼ੋ -ਆਰਾਮ ਲਈ ਜ਼ਰੂਰੀ ਚੀਜ਼ਾਂ ਮਿਲਣੀਆਂ ਬੰਦ ਹੋ ਗਈਆਂ , ਜਿਸ ਕਰਕੇ ਉੱਚ ਵਰਗ ਦੇ ਲੋਕ ਨੈਪੋਲੀਅਨ ਦੇ ਖ਼ਿਲਾਫ਼ ਹੋ ਗਏ ਅਤੇ ਉਹ ਜ਼ਾਰ ਉੱਤੇ ਫਰਾਂਸ ਵਿਰੋਧੀ ਨੀਤੀ ਤੇ ਚਲਣ ਲਈ ਜ਼ੋਰ ਦੇ ਰਹੇ ਸਨ | ਜ਼ਾਰ ਦੀ ਮਾਤਾ ਅਤੇ ਉਸ ਦੇ ਸਲਾਹਕਾਰ ਵੀ ਫਰਾਂਸ ਦੇ ਵਿਰੋਧੀ ਸਨ | ਦੂਜੇ ਪਾਸੇ ਨੈਪੋਲੀਅਨ ਨੇ ਜ਼ਾਰ ਨੂੰ ਇਹ ਵਿਸ਼ਵਾਸ ਦਿੱਤਾ ਹੋਇਆ ਸੀ ਕਿ ਉਹ ਪੋਲੈਂਡ ਦੇ ਰਾਜ ਨੂੰ ਫਿਰ ਤੋਂ ਸਥਾਪਿਤ ਕਰੇਗਾ ਕਿਉਂਕਿ ਅਜਿਹਾ ਕਾਰਨ ਤੇ ਰੂਸ ਨੂੰ ਆਪਣੇ ਪੋਲੈਂਡ ਦੇ ਪਰਦੇਸ਼ਾਂ ਤੋਂ ਹਮੇਸ਼ਾ ਲਈ ਹੱਥ ਧੋਣੇ ਪੈਣਗੇ |

1811 ਈਸਵੀ ਵਿਚ ਜਦੋਂ ਨੈਪੋਲੀਅਨ ਨੇ ਉੱਤਰੀ-ਜਰਮਨੀ ਉੱਤੇ ਕਬਜ਼ਾ ਕੀਤਾ ਤਾਂ ਉਸ ਸਮੇਂ ਨੈਪੋਲੀਅਨ ਨੇ ਜ਼ਾਰ ਦੇ ਰਿਸ਼ਤੇਦਾਰ ' ਡਿਊਕ ਆਫ਼ ਉਲਡਵਰਗ' ਨੂੰ ਅਪਮਾਨਿਤ ਕਰਕੇ ਗੱਦੀ ਤੋਂ ਉਤਾਰ ਦਿੱਤਾ ਸੀ, ਨਾਲ ਹੀ ਨੈਪੋਲੀਅਨ ਨੇ ਜ਼ਾਰ ਨੂੰ ਮਹਾਦੀਪੀ ਵਿਵਸਥਾ ਦੀ ਪਾਲਣਾ ਕਰਨ ਲਈ ਕਿਹਾ ਸੀ , ਪਰ ਜ਼ਾਰ ਨੇ ਉਸ ਦੀ ਕੋਈ ਪਰਵਾਹ ਨਾ ਕੀਤੀ ਤੇ ਇੱਕ ਅਸੰਤੋਖਜਨਕ ਜਵਾਬ ਭੇਜ ਦਿੱਤਾ | ਜ਼ਾਰ ਨੇ ਨਿਰਲੇਪ ਦੇਸ਼ਾ ਦੇ ਜਹਾਜ਼ਾਂ ਨੂੰ ਰੂਸੀ ਬੰਦਰਗਾਹ ਵਿਚ ਆਉਣ ਲਈ ਬਹੁਤ ਸਾਰੀਆਂ ਸਹੂਲਤਾਂ ਵੀ ਦਿੱਤੀਆਂ, ਜਿਸ ਕਰਕੇ ਨੈਪੋਲੀਅਨ ਰੂਸ ਦੇ ਨਾਲ ਬਹੁਤ ਜ਼ਿਆਦਾ ਨਾਰਾਜ਼ ਹੋ ਗਿਆ ਅਤੇ ਉਸ ਨੇ ਰੂਸ ਦੇ ਉੱਤੇ ਹਮਲਾ ਕਰਨ ਦਾ ਫ਼ੈਸਲਾ ਕਰ ਲਿਆ , ਜੋ ਕਿ ਰੂਸ ਤੇ ਨੈਪੋਲੀਅਨ ਦੀ ਆਪਸੀ ਦੁਸ਼ਮਣੀ ਦਾ ਕਾਰਣ ਬਣ ਗਿਆ | ਨੈਪੋਲੀਅਨ ਚੰਗੀ ਤਰ੍ਹਾਂ ਜਾਂਦਾ ਸੀ ਰੂਸ ਦਾ ਖੇਤਰਫ਼ਲ ਬਹੁਤ ਵੱਡਾ ਹੈ, ਜਿਸ ਕਰਕੇ ਰੂਸ ਉੱਤੇ ਹਮਲਾ ਕਰਨ ਲਈ ਵਿਸ਼ਾਲ ਸੈਨਾ ਦੀ ਲੋੜ ਸੀ , ਪਰ ਨਾਲ ਹੀ ਰੂਸ ਬਾਰੇ ਇਹ ਵੀ ਪ੍ਰਸਿੱਧ ਸੀ ਕਿ ' ਉੱਥੇ ਛੋਟੀਆਂ ਸੈਨਾਵਾਂ ਹਰ ਜਾਂਦੀਆਂ ਹਨ ਤੇ ਵੱਡੀਆਂ ਸੈਨਾਵਾਂ ਭੁੱਖੀਆਂ ਮਾਰ ਜਾਂਦੀਆਂ ਹਨ | ਨੈਪੋਲੀਅਨ ਨੇ ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਸਕੋ ਮੁਹਿੰਮ ਲਈ ਵਿਸ਼ਾਲ ਸੈਨਾ ਤਿਆਰ ਕੀਤੀ | ਨੈਪੋਲੀਅਨ ਨੇ ਆਪਣੀ ਸੈਨਾ ਦੇ ਲਈ ਭਾਰੀ ਮਾਤਰਾ ਦੇ ਵਿੱਚ ਖਾਣ ਦੀ ਸਮੱਗਰੀ ਅਤੇ ਹੋਰ ਲੋੜੀਂਦਾ ਸਮਾਨ ਵੀ ਇਕੱਠਾ ਕਰ ਲਿਆ | ਮਈ 1812 ਈਸਵੀ ਤੱਕ ਨੈਪੋਲੀਅਨ ਨੇ ਮਾਸਕੋ ਮੁਹਿੰਮ ਲਈ ਸਾਰੀਆਂ ਤਿਆਰੀਆਂ ਪੂਰੀਆਂ ਕਰ ਲਈਆਂ |

ਜੂਨ 24 , 1812 ਈਸਵੀ ਨੂੰ ਬਿਨਾਂ ਕਿਸੇ ਦੇ ਵਿਰੋਧ ਦੇ ਨੈਪੋਲੀਅਨ ਦੀ ਸੈਨਾ ਨੇ ਨੀਮਨ ਨੂੰ ਪਾਰ ਕਰਕੇ ਰੂਸ ਦੇ ਵਿੱਚ ਪਰਵੇਸ਼ ਕਰ ਲਿਆ |ਨੈਪੋਲੀਅਨ ਨੂੰ ਰੂਸ ਦੇ ਵਿੱਚ ਸੜਕਾਂ ਦੀ ਕਮੀ ਕਰਕੇ ਆਵਾਜਾਈ ਵਿੱਚ ਮੁਸ਼ਕਿਲ ਆਈ | ਨੈਪੋਲੀਅਨ ਨੂੰ ਪੂਰੀ ਉਮੀਦ ਸੀ ਕਿ ਘਮਾਸਾਨ ਦੀ ਲੜਾਈ ਹੋਵੇਗੀ ਪਰ ਰੂਸੀ ਸੈਨਾ ਪਿੱਛੇ ਵੱਲ ਚਲੀ ਗਈ ਅਤੇ ਖੇਤਾਂ ਅਤੇ ਪੀੜਾਂ ਨੂੰ ਅੱਗ ਲਗਾ ਦਿੱਤੀ ਤਾਂ ਕਿ ਦੁਸ਼ਮਣ ਸੈਨਾ ਨੂੰ ਖਾਣ ਲਈ ਭੋਜਨ ਨਾ ਮਿਲ ਸਕੇ | ਨੈਪੋਲੀਅਨ ਹਰ ਰੋਜ਼ ਅੱਗੇ ਵਧਣ ਲਈ ਮਾਰਚ ਕਰਦਾ | ਨੈਪੋਲੀਅਨ ਜਦੋਂ ਅੱਗੇ ਵੱਲ ਵਧਿਆ ਤਾਂ ਰੂਸੀ ਸੈਨਾ ਉੱਥੋਂ ਵੀ ਅਲੋਪ ਹੋ ਗਈ | ਨੈਪੋਲੀਅਨ ਅਤੇ ਉਸ ਦੀਆਂ ਸੈਨਾਵਾਂ ਅੱਗੇ ਵਾਲ ਵਧਦੀਆਂ ਗਈਆਂ |

14 ਸਤੰਬਰ ,1812 ਈਸਵੀ ਨੂੰ ਫਰਾਂਸੀਸੀ ਸੈਨਾ ਨੇ ਮਾਸਕੋ ਵਿੱਚ ਪਰਵੇਸ਼ ਕੀਤਾ ,ਪਰ ਸ਼ਹਿਰ ਦੇ ਜ਼ਿਆਦਾਤਰ ਲੋਕ ਅਤੇ ਸਰਕਾਰੀ ਅਧਿਕਾਰੀ ਸ਼ਹਿਰ ਖ਼ਾਲੀ ਕਰਕੇ ਜਾ ਚੁੱਕੇ ਸਨ | ਨੈਪੋਲੀਅਨ ਰਾਤ ਨੂੰ ਸ਼ਹਿਰ ਦੇ ਇੱਕ ਮਕਾਨ ਵਿੱਚ ਰੁਕਿਆ ਅਤੇ ਅੱਧੀ ਰਾਤ ਤੋਂ ਦੋ ਘੰਟੇ ਬਾਦ ਉਸ ਨੂੰ ਖ਼ਬਰ ਮਿਲੀ ਕਿ ਸ਼ਹਿਰ ਨੂੰ ਅੱਗ ਲਗਾ ਦਿੱਤੀ ਗਈ ਹੈ , ਉਸ ਨੇ ਅੱਗ ਦੀਆਂ ਲਪਟਾਂ ਨੂੰ ਆਪਣੇ ਅੱਖੀਂ ਦੇਖਿਆ| ਤਿੰਨ ਦਿਨਾਂ ਬਾਅਦ ਜਦੋਂ ਅੱਗ ਦੀਆਂ ਲਾਟਾਂ ਬੰਦ ਹੋਈਆਂ ਤਾਂ ਉਦੋਂ ਤੱਕ ਦੋ ਤੇਹਾਈਂ ਸ਼ਹਿਰ ਤਬਾਹ ਹੋ ਚੁਕਿਆ ਸੀ | ਨੈਪੋਲੀਅਨ ਨੂੰ ਅਜੇ ਵੀ ਉਮੀਦ ਸੀ ਕਿ ਜ਼ਾਰ ਸ਼ਾਂਤੀ ਦੇ ਸਮਝੌਤੇ ਲਈ ਅਪੀਲ ਕਰੇਗਾ ,ਪਰ ਜ਼ਾਰ ਨੇ ਉਸ ਨਾਲ ਕੋਈ ਗੱਲਬਾਤ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ |

## ਸਿੱਟਾਂ :

ਆਖ਼ਿਰ ਵਿੱਚ ਅਸੀ ਇਹ ਕਹਿ ਸਕਦੇ ਹਾਂ ਕਿ ਨੈਪੋਲੀਅਨ ਨੇ ਇੱਕ ਮਹੀਨੇ ਤੱਕ ਇੰਤਜ਼ਾਰ ਕੀਤਾ ਕਿ ਰੂਸ ਉਸ ਦੇ ਸਾਹਮਣੇ ਆਤਮ -ਸਮਰਪਣ ਕਰ ਦੇਵੇਗਾ , ਪਰ ਅਜਿਹਾ ਕਦੇ ਵੀ ਨਾ ਹੋ ਸਕਿਆ ਅਤੇ ਨੈਪੋਲੀਅਨ ਨੂੰ ਮਜ਼ਬੂਰ ਹੋ ਕੇ ਨਸ਼ਟ ਹੋਏ ਸ਼ਹਿਰ ਨੂੰ ਛੱਡ ਕੇ ਵਾਪਸ ਖ਼ਾਲੀ ਹੱਥ ਮੁੜਨਾ ਪਿਆ| ਰਸਤੇ ਵਿੱਚ ਵਾਪਸ ਆਉਂਦੇ ਹੋਏ ਉਸ ਦੀਆਂ ਸੈਨਾਵਾਂ ਨੂੰ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ , ਭੁੱਖ , ਠੰਡ ਦੇ ਰੂਸੀ ਹਮਲਿਆਂ ਕਾਰਣ ਨੈਪੋਲੀਅਨ ਦੇ ਬਹੁਤ ਸਾਰੇ ਜਵਾਨ ਮਰ ਗਏ | ਨੈਪੋਲੀਅਨ ਮਾਸਕੋ ਮੁਹਿੰਮ ਨੂੰ ਖ਼ਤਮ ਕਰ ਚੁਕਾ ਸੀ ਅਤੇ ਇਹ ਇੱਕ ਅਸਫ਼ਲ ਜਰਨੈਲ ਸਾਬਿਤ ਹੋਇਆ ਸੀ | ਪੈਰਿਸ ਦੇ ਲੋਕ ਨੈਪੋਲੀਅਨ ਨੂੰ ਇੱਕ ਮਰ ਚੁਕਿਆ ਸਮਝ ਰਹੇ ਸਨ ਪਰ ਉਹ 18 ਦਸੰਬਰ ਨੂੰ ਆਪਣੀ ਰਾਜਧਾਨੀ ਪਹੁਚਿਆ ਸੀ | ਉਸ ਦੀ ਬਾਕੀ ਬਚੀ ਸੈਨਾ ਵੀ 6 ਦਿਨ ਬਾਅਦ ਰੂਸ ਤੋਂ ਪਰਤ ਆਈ ਸੀ | ਇਸ ਮੁਹਿੰਮ ਵਿੱਚ ਬਹੁਤ ਸਾਰਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਸੀ| ਨੈਪੋਲੀਅਨ ਇਸ ਮੁਹਿੰਮ ਵਿੱਚ ਅਸਫ਼ਲ ਰਿਹਾ |

## ਹਵਾਲੇ ਨੋਟ :


- **ਡਾਕਟਰ ਰਾਜਿੰਦਰ ਸਿੰਘ, ਯੂਰਪ ਦਾ ਇਤਿਹਾਸ** [ 1789-1871 **ਈਸਵੀ** ]
- **ਲਿਓ ਗੁਰਸਾਈ, ਦਿ ਫਰੈਂਚ ਰੈਵੋਲੂਸ਼ਨ**
- **ਗੋਡਵਿਨ, ਦਿ ਫਰੈਂਚ ਰੈਵੋਲੂਸ਼ਨ**
- **ਜੇ. ਹੌਲੈਂਡ ਰੋਜ਼, ਲਾਈਫ਼ ਆਫ਼ ਨੈਪੋਲੀਅਨ**
- **ਵੀ. ਡੀ. ਮਹਾਜਨ, ਹਿਸਟਰੀ ਆਫ਼ ਮੋਡਰਨ ਯੂਰਪ**